ਕਮਿਊਨਿਟੀਆਂ ਉਦੋਂ ਹੀ ਮਜ਼ਬੂਤ ਬਣਦੀਆਂ ਹਨ ਜਦੋਂ ਛੋਟੇ ਕਾਰੋਬਾਰ ਵਧਦੇ-ਫੁੱਲਦੇ ਹਨ।

ਛੋਟੇ ਕਾਰੋਬਾਰ ਅਤੇ ਗੈਰ-ਲਾਭਕਾਰੀ ਸੰਗਠਨ ਵਾਸ਼ਿੰਗਟਨ ਦੀਆਂ ਕਮਿਊਨਿਟੀਆਂ ਦੀ ਧੜਕਣ ਹਨ

ਭਾਵੇਂ ਹੋਵੇ ਰੈਸਟੋਰੈਂਟ, ਪ੍ਰੋਫੈਸ਼ਨਲ ਸਰਵਿਸ ਪ੍ਰੋਵਾਈਡਰ, ਉਤਪਾਦਕ, ਲੋਕਲ ਫਾਰਮ ਜਾਂ ਕਮਿਊਨਿਟੀ-ਆਧਾਰਿਤ ਗੈਰ-ਲਾਭਕਾਰੀ ਸੰਗਠਨ, ਛੋਟੇ ਕਾਰੋਬਾਰ ਅਤੇ ਸਥਾਨਕ ਸੰਗਠਨ ਸਾਡੇ ਭਾਈਚਾਰਿਆਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਨ ਦੇ ਨਾਲ-ਨਾਲ ਨੌਕਰੀਆਂ ਦੇ ਮੌਕੇ ਵੀ ਪੈਦਾ ਕਰਦੇ ਹਨ ਅਤੇ ਸਾਡੀ ਰਾਜ ਵਿਆਪੀ ਅਰਥ-ਵਿਵਸਥਾ ਵਿੱਚ ਯੋਗਦਾਨ ਪਾਉਂਦੇ ਹਨ।

ਵਾਸ਼ਿੰਗਟਨ ਦੇ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਲਈ ਸਹੂਲਤੀ ਲੋਨ

ਵਾਸ਼ਿੰਗਟਨ ਰਾਜ ਵਿੱਚ ਅਨੇਕਾਂ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਵਿਕਸਿਤ ਹੋਣ ਅਤੇ ਵਧਣ-ਫੁੱਲਣ ਲਈ ਵਿੱਤੀ ਸਹਾਇਤਾ ਹਾਸਲ ਕਰਨ ਵਿੱਚ ਕਈ ਰੁਕਾਵਟਾਂ ਪੇਸ਼ ਆਉਂਦੀਆਂ ਹਨ। ਇਸ ਪ੍ਰੋਗਰਾਮ ਦਾ ਉਦੇਸ਼ ਉਹਨਾਂ ਨੂੰ Department of Commerce (ਡਿਪਾਰਟਮੈਂਟ ਆਫ਼ ਕਾਮਰਸ) ਦੁਆਰਾ ਪ੍ਰਵਾਨਿਤ ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਦੇ ਨੈੱਟਵਰਕ ਰਾਹੀਂ ਵਧੀਆ, ਸਹੂਲਤ ਭਰਿਆ ਅਤੇ ਕਿਫਾਇਤੀ ਲੋਨ ਪ੍ਰਦਾਨ ਕਰਨਾ ਹੈ।

ਵਾਸ਼ਿੰਗਟਨ Small Business Flex Fund 2 ਅਜਿਹੇ ਛੋਟੇ, ਸਥਾਨਕ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਕਿਫਾਇਤੀ ਲੋਨ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ ਜਿਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।

ਛੋਟੇ ਕਾਰੋਬਾਰ ਲਈ ਸੱਚਮੁੱਚ ਸਹੂਲਤ ਭਰਿਆ ਲੋਨ

ਵਾਸ਼ਿੰਗਟਨ Small Business Flex Fund 2 ਨੂੰ ਵਾਸ਼ਿੰਗਟਨ ਦੇ ਛੋਟੇ ਤੋਂ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਆਪਣੀਆਂ ਸੇਵਾਵਾਂ ਨੂੰ ਚਲਦਾ ਰੱਖਣ ਜਾਂ ਵਿਕਾਸ ਕਰਨ ਲਈ ਲੋੜੀਂਦੀ ਵਿੱਤੀ ਸਹਾਇਤਾ ਹਾਸਲ ਕਰਨ ਵੇਲੇ ਪੇਸ਼ ਆਉਣ ਵਾਲੀਆਂ ਵਿਲੱਖਣ ਚੁਣੌਤੀਆਂ ਨਾਲ ਨਜਿੱਠਣ ਲਈ ਬਣਾਇਆ ਗਿਆ ਸੀ। ਤੁਸੀਂ ਇੱਕ ਆਸਾਨ ਐਪਲੀਕੇਸ਼ਨ ਪ੍ਰਕਿਰਿਆ, ਘੱਟ ਵਿਆਜ ਦਰਾਂ, ਅਦਾਇਗੀ ਲਈ ਲੰਬੀ ਸਮੇਂ-ਸੀਮਾ, ਮਨਜ਼ੂਰੀ ਦੇਣ ਲਈ ਇੱਛਕ ਰਿਣਦਾਤੇ ਅਤੇ ਤੁਹਾਡੇ ਕਾਰੋਬਾਰ ਨੂੰ ਸਫਲਤਾ ਵੱਲ ਲੈਕੇ ਜਾਣ ਵਾਲੇ ਸਮਰਪਿਤ ਮਾਹਰਾਂ ਸਹਿਯੋਗ ਮਿਲੇਗਾ।

ਆਮ ਲੋਨ ਪ੍ਰੋਗਰਾਮਾਂ ਨਾਲੋਂ ਅਲੱਗ

ਵਾਸ਼ਿੰਗਟਨ Small Business Flex Fund 2 ਦੇ ਕੋਲ ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਦਾ ਇੱਕ ਨੈਟਵਰਕ ਹੈ ਜਿਹਨਾਂ ਦੇ ਕੋਲ ਵਾਸ਼ਿੰਗਟਨ ਵਿੱਚ ਸੀਮਿਤ ਸਰੋਤਾਂ ਅਤੇ ਸੀਮਿਤ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਮਿਊਨਿਟੀਆਂ ਦੇ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਦੀ ਮਦਦ ਕਰਨ ਦਾ ਕਈ ਦਹਾਕਿਆਂ ਦਾ ਅਨੁਭਵ ਹੈ। ਇਹ ਕਮਿਊਨਿਟੀ-ਆਧਾਰਿਤ ਰਿਣਦਾਤੇ ਲੋਨ ਪ੍ਰਕਿਰਿਆ ਦੇ ਹਰ ਪੜਾਅ 'ਤੇ ਤੁਹਾਡੀ ਮਦਦ ਕਰ ਸਕਦੇ ਹਨ। Small Business Flex Fund 2 ਦਾ ਉਦੇਸ਼ ਕ੍ਰੈਡਿਟ ਸਕੋਰ ਜਾਂ ਕੀਮਤੀ ਚੀਜ਼ ਗਹਿਣੇ ਰੱਖਣ ਵਰਗੀਆਂ ਲੋੜਾਂ ਅਤੇ ਕਲੋਜ਼ਿੰਗ ਦੀਆਂ ਲਾਗਤਾਂ ਤੋਂ ਬਾਹਰ ਲਿੱਤੀਆਂ ਜਾਣ ਵਾਲੀਆਂ ਓਰਿਜੀਨੇਸ਼ਨ ਫੀਸਾਂ ਨੂੰ ਹਟਾ ਕੇ ਵਿੱਤੀ ਸਹਾਇਤਾ ਹਾਸਲ ਕਰਨ ਵਿੱਚ ਪੇਸ਼ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾਉਣਾ ਵੀ ਹੈ। ਫੰਡ ਦੀ ਵਰਤੋਂ ਤੁਹਾਡੇ ਕਾਰੋਬਾਰ ਦੀਆਂ ਲੋੜਾਂ ਅਤੇ ਉਦੇਸ਼ਾਂ ਦੇ ਆਧਾਰ 'ਤੇ ਕੀਤੀ ਜਾ ਸਕਦਾ ਹੈ।

Small Business Flex Fund 2 ਦੇ ਲਈ ਕੌਣ ਯੋਗ ਹੈ?

ਵਾਸ਼ਿੰਗਟਨ Small Business Flex Fund 2 ਅਜਿਹੇ ਛੋਟੇ, ਸਥਾਨਕ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਕਿਫਾਇਤੀ ਲੋਨ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ ਜਿਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। ਅਪਲਾਈ ਕਰਨ ਵਾਸਤੇ ਯੋਗ ਹੋਣ ਲਈ, ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਦੇ ਕੋਲ 50 ਤੋਂ ਘੱਟ ਫੁੱਲ-ਟਾਈਮ ਦੇ ਬਰਾਬਰ (FTE) ਕਰਮਚਾਰੀ ਹੋਣੇ ਚਾਹੀਦੇ ਹਨ, ਉਹਨਾਂ ਦੀ ਸਾਲਾਨਾ ਆਮਦਨ $5 ਮਿਲੀਅਨ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਲੋਨ ਲਈ ਐਪਲੀਕੇਸ਼ਨ ਦੇਣ ਦੇ ਸਮੇਂ ਤੋਂ ਘੱਟੋ-ਘੱਟ ਇੱਕ ਸਾਲ ਪਹਿਲਾਂ ਤੋਂ ਕਾਰੋਬਾਰ ਚੱਲ ਰਿਹਾ ਹੋਣਾ ਚਾਹੀਦਾ ਹੈ।

ਸਥਾਨਕ, ਕਮਿਊਨਿਟੀ-ਆਧਾਰਿਤ ਰਿਣਦਾਤੇ ਤੁਹਾਡੀ ਸਫਲਤਾ ਲਈ ਵਚਨਬੱਧ ਹਨ

ਵਾਸ਼ਿੰਗਟਨ Small Business Flex Fund 2 ਸਥਾਨਕ, ਕਮਿਊਨਿਟੀ-ਆਧਾਰਿਤ ਰਿਣਦਾਤਿਆਂ ਦਾ ਇੱਕ ਨੈੱਟਵਰਕ ਹੈ ਜੋ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਦੇ ਹਨ। ਲੋਨ ਦੀ ਪ੍ਰਕਿਰਿਆ ਦੇ ਦੌਰਾਨ, ਇਹ ਭਰੋਸੇਮੰਦ ਪਾਰਟਨਰ ਐਪਲੀਕੇਸ਼ਨ ਦੇ ਹਰ ਪੜਾਅ 'ਤੇ ਤੁਹਾਡੀ ਸਹਾਇਤਾ ਕਰਨ ਲਈ ਉਪਲਬਧ ਹਨ ਅਤੇ ਵਾਧੂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ।

Washington State Small Business Credit Initiative (SSBCI, ਸਟੇਟ ਸਮਾਲ ਬਿਜ਼ਨਸ ਕ੍ਰੈਡਿਟ ਇਨੀਸ਼ੀਏਟਿਵ) ਪੂਰੇ ਵਾਸ਼ਿੰਗਟਨ ਵਿੱਚ ਛੋਟੇ ਕਾਰੋਬਾਰਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਬਹੁਤ ਹੀ ਜ਼ਰੂਰੀ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਉਹਨਾਂ ਕਮਿਊਨਿਟੀਆਂ ਨੂੰ ਜਿਹਨਾਂ ਕੋਲ ਸਰੋਤਾਂ ਅਤੇ ਬੈਂਕਿੰਗ ਸੇਵਾਵਾਂ ਤੱਕ ਸੀਮਿਤ ਪਹੁੰਚ ਹੈ। SSBCI ਦਾ ਸੰਚਾਲਨ Washington Department of Commerce (ਡਿਪਾਰਟਮੈਂਟ ਆਫ਼ ਕਾਮਰਸ) ਦੁਆਰਾ ਅਮਰੀਕਾ ਦੇ Department of Treasury (ਡਿਪਾਰਟਮੈਂਟ ਆਫ਼ ਟ੍ਰੇਜ਼ਰੀ)ਅਤੇ ਰਾਜ ਭਰ ਦੇ ਵਿੱਤੀ ਸੰਗਠਨਾਂ ਦੇ ਨਾਲ ਪਾਰਟਨਰਸ਼ਿਪ ਵਿੱਚ ਕੀਤਾ ਜਾਂਦਾ ਹੈ। ਹੋਰ ਜਾਣਕਾਰੀ ਦੇ ਲਈ, https://bit.ly/wa-small-biz-loans 'ਤੇ ਜਾਓ।

ਯੋਗ ਕਾਰੋਬਾਰਾਂ ਦੇ ਕੋਲ

- 50 ਤੋਂ ਘੱਟ ਕਰਮਚਾਰੀ ਹੋਣੇ ਚਾਹੀਦੇ ਹਨ
- ਸਾਲਾਨਾ ਆਮਦਨ $5 ਮਿਲੀਅਨ ਤੋਂ ਘੱਟ ਹੋਣੀ ਚਾਹੀਦੀ ਹੈ
- ਲੋਨ ਲਈ ਐਪਲੀਕੇਸ਼ਨ ਦੇਣ ਦੇ ਸਮੇਂ ਤੋਂ ਘੱਟੋ-ਘੱਟ ਇੱਕ ਸਾਲ ਪਹਿਲਾਂ ਤੋਂ ਕਾਰੋਬਾਰ ਚੱਲ ਰਿਹਾ ਹੋਣਾ ਚਾਹੀਦਾ ਹੈ

ਘੱਟ ਵਿਆਜ ਦਰਾਂ

- ਤੁਸੀਂ $250,000 ਤੱਕ ਦਾ ਲੋਨ ਲੈ ਸਕਦੇ ਹੋ
- ਦਰਾਂ WSJ ਪ੍ਰਾਈਮ ਦਰ ਤੋਂ 1-4% ਵੱਧ ਹਨ
- ਲੋਨ ਦੀ ਪੂਰੀ ਮਿਆਦ ਤੱਕ ਸਥਿਰ ਯਾਨੀ ਕਿ ਫਿਕਸਡ ਵਿਆਜ ਦਰ ਹੈ
- 36 ਤੋਂ 72-ਮਹੀਨੇ ਤੱਕ ਲੋਨ ਦੀ ਮਿਆਦ
- ਸਮੇਂ ਤੋਂ ਪਹਿਲਾਂ ਅਦਾਇਗੀ ਕਰਨ 'ਤੇ ਕੋਈ ਜੁਰਮਾਨਾ ਨਹੀਂ ਹੈ

ਲੋਨ ਦੀ ਵਰਤੋਂ ਲੋੜ ਅਨੁਸਾਰ ਕੀਤੀ ਜਾ ਸਕਦੀ ਹੈ

- ਤਨਖਾਹ
- ਬਿਜਲੀ-ਪਾਣੀ ਆਦਿ ਦੇ ਬਿਲ
- ਮਾਰਕੀਟਿੰਗ ਅਤੇ ਇਸ਼ਤਿਹਾਰਬਾਜ਼ੀ
- ਬਿਲਡਿੰਗ ਵਿੱਚ ਸੁਧਾਰ ਜਾਂ ਮੁਰੰਮਤ
- ਹੋਰ ਕਾਰੋਬਾਰੀ ਖਰਚੇ

ਵਾਸ਼ਿੰਗਟਨ Small Business Flex Fund 2 ਮੁਆਫੀਯੋਗ ਲੋਨ ਵਾਲਾ ਪ੍ਰੋਗਰਾਮ ਨਹੀਂ ਹੈ। ਕਰਜ਼ਦਾਰ ਨੂੰ 3 ਤੋਂ 6-ਸਾਲ ਦੀ ਮਿਆਦ ਵਿੱਚ ਵਿਆਜ ਸਮੇਤ ਲੋਨ ਦੀ ਪੂਰੀ ਰਕਮ ਵਾਪਸ ਕਰਨੀ ਪਵੇਗੀ।

ਸ਼ੁਰੂਆਤ ਕਰਨਾ ਬਹੁਤ ਆਸਾਨ ਹੈ

SmallBusinessFlexFund.org 'ਤੇ ਜਾਓ